# ਭਾਰਤ ਦੇ ਰਾਸ਼ਟਰਪਤੀ ਨੇ ਸੂਰੀਨੇਮ ਵਿੱਚ ਭਾਰਤੀਆਂ ਦੀ ਆਮਦ ਦੇ 150 ਸਾਲਾਂ ਦੀ ਯਾਦਗਾਰ ਮੌਕੇ ਸੱਭਿਆਚਾਰਕ ਤਿਉਹਾਰ 'ਚ ਸ਼ਿਰਕਤ ਕੀਤੀ

06 ਜੂਨ, 2023

ਭਾਰਤ ਦੀ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਸੂਰੀਨੇਮ ਦੇ ਰਾਸ਼ਟਰਪਤੀ ਚੰਦਰਿਕਾਪਰਸਾਦ ਸੰਤੋਖੀ ਦੇ ਨਾਲ ਕੱਲ੍ਹ ਸ਼ਾਮ (5 ਜੂਨ, 2023) ਪਾਰਾਮਾਰੀਬੋ, ਸੂਰੀਨੇਮ ਵਿੱਚ ਭਾਰਤੀਆਂ ਦੀ ਆਮਦ ਦੇ 150 ਸਾਲ ਪੂਰੇ ਹੋਣ ਦੇ ਮੌਕੇ 'ਤੇ ਸੱਭਿਆਚਾਰਕ ਤਿਉਹਾਰ ਵਿੱਚ ਹਿੱਸਾ ਲਿਆ।

ਪੈਰਾਮਾਰੀਬੋ ਦੇ ਸੁਤੰਤਰਤਾ ਚੌਕ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਅੱਜ ਅਸੀਂ ਸੂਰੀਨੇਮ ਵਿੱਚ ਭਾਰਤੀਆਂ ਦੀ ਆਮਦ ਸਬੰਧੀ 150ਵੀਂ ਵਰ੍ਹੇਗੰਢ ਮਨਾ ਰਹੇ ਹਾਂ ਜੋ ਸੂਰੀਨੇਮ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਅੱਜ ਦੇ ਦਿਨ, ਸਾਲ 1873 ਵਿਚ, ਭਾਰਤੀਆਂ ਦਾ ਪਹਿਲਾ ਸਮੂਹ ਲੱਲਾ ਰੁਖ ਜਹਾਜ਼ ਵਿਚ ਸਵਾਰ ਹੋ ਕੇ ਸੂਰੀਨੇਮ ਦੇ ਸਮੁੰਦਰੀ ਕੰਢੇ ਪਹੁੰਚਿਆ ਜਿਸਨੇ ਇਸ ਦੇਸ਼ ਦੇ ਇਤਿਹਾਸ ਵਿਚ ਇਕ ਨਵੇਂ ਅਧਿਆਏ ਦੀ ਸ਼ੁਰੂਆਤ ਕੀਤੀ ਸੀ।

ਰਾਸ਼ਟਰਪਤੀ ਨੇ ਕਿਹਾ ਕਿ ਇੱਕ ਬਹੁ-ਸੱਭਿਆਚਾਰਕ ਸਮਾਜ ਅਤੇ ਮੌਕਿਆਂ ਦੀ ਧਰਤੀ ਹੋਣ ਦੇ ਨਾਤੇ, ਸੂਰੀਨੇਮ ਨੇ ਸਾਰੇ ਹੀ ਵੱਖ-ਵੱਖ ਭਾਈਚਾਰਿਆਂ ਦਾ ਸਵਾਗਤ ਕੀਤਾ ਹੈ ਜੋ ਉੱਥੇ ਆ ਕੇ ਵਸੇ ਹਨ। ਇਹਨਾਂ ਸਾਲਾਂ ਦੌਰਾਨ, ਵਿਭਿੰਨ ਭਾਈਚਾਰੇ ਇੱਕ ਪਰਿਵਾਰ ਵਾਂਗ ਇਸ ਦੇਸ਼ ਵਿੱਚ ਵਿਕਸਤ ਹੋਏ। ਉਹਨਾਂ ਨੇ ਸੂਰੀਨੇਮ ਦੇ ਲੋਕਾਂ ਦੀ ਏਕਤਾ ਅਤੇ ਸਮਾਵੇਸ਼ ਪ੍ਰਤੀ ਦਿਖਾਏ ਗਏ ਸਮਰਪਣ ਅਤੇ ਵਚਨਬੱਧਤਾ ਦੀ ਸ਼ਲਾਘਾ ਕੀਤੀ।

ਰਾਸ਼ਟਰਪਤੀ ਨੂੰ ਇਹ ਬਿਆਨ ਕਰਕੇ ਖੁਸ਼ੀ ਹੋਈ ਕਿ ਵਿਸ਼ਾਲ ਭੂਗੋਲਿਕ ਦੂਰੀਆਂ, ਵੱਖ-ਵੱਖ ਸਮਾਂ ਖੇਤਰਾਂ ਅਤੇ ਸੱਭਿਆਚਾਰਕ ਵਿਭਿੰਨਤਾ ਦੇ ਬਾਵਜੂਦ ਭਾਰਤੀ ਪ੍ਰਵਾਸੀ ਹਮੇਸ਼ਾ ਆਪਣੀਆਂ ਜੜ੍ਹਾਂ ਨਾਲ ਜੁੜੇ ਰਹੇ ਹਨ। ਉਹਨਾਂ ਨੇ ਕਿਹਾ ਕਿ ਪਿਛਲੇ 150 ਸਾਲਾਂ ਵਿੱਚ ਭਾਰਤੀ ਭਾਈਚਾਰਾ ਨਾ ਸਿਰਫ ਸੂਰੀਨੇਮ ਵਿੱਚ ਹੀ ਸਮਾਜ ਦਾ ਇੱਕ ਅਨਿੱਖੜਵਾਂ ਅੰਗ ਬਣਿਆ ਹੈ, ਸਗੋਂ ਇਹ ਭਾਰਤ ਅਤੇ ਸੂਰੀਨੇਮ ਦਰਮਿਆਨ ਡੂੰਘੀ ਹੋ ਰਹੀ ਸਾਂਝੇਦਾਰੀ ਦਾ ਇੱਕ ਮਹੱਤਵਪੂਰਨ ਥੰਮ ਵੀ ਹੈ।

ਰਾਸ਼ਟਰਪਤੀ ਨੇ ਕਿਹਾ ਕਿ ਅਜਿਹੇ ਸਮੇਂ ਵਿੱਚ ਜਦੋਂ ਸੂਰੀਨੇਮ ਆਪਣੇ ਪੁਰਖਿਆਂ ਦੀ ਵਿਰਾਸਤ ਅਤੇ ਭਾਰਤ ਨਾਲ ਆਪਣੇ ਸਬੰਧਾਂ ਦਾ ਜਸ਼ਨ ਮਨਾ ਰਿਹਾ ਹੈ, ਭਾਰਤ ਇੱਕਮੁੱਠਤਾ ਅਤੇ ਸ਼ਰਧਾ ਨਾਲ ਸੂਰੀਨੇਮ ਦੇ ਨਾਲ ਖੜ੍ਹਾ ਹੈ। ਉਹਨਾਂ ਨੇ ਓਸੀਆਈ ਕਾਰਡ ਲਈ ਯੋਗਤਾ ਮਾਪਦੰਡ ਨੂੰ ਚੌਥੀ ਪੀੜ੍ਹੀ ਤੋਂ ਛੇਵੀਂ ਪੀੜ੍ਹੀ ਤੱਕ ਵਧਾਉਣ ਦੇ ਭਾਰਤ ਸਰਕਾਰ ਦੇ ਫੈਸਲੇ ਦੀ ਘੋਸ਼ਣਾ ਕੀਤੀ ਜੋ ਭਾਰਤੀ ਖੇਤਰਾਂ ਤੋਂ ਸੂਰੀਨੇਮ ਵਿੱਚ ਆਏ ਸਨ। ਉਹਨਾਂ ਨੇ ਕਿਹਾ ਕਿ ਓਸੀਆਈ ਕਾਰਡ ਨੂੰ ਭਾਰਤ ਨਾਲ ਉਨ੍ਹਾਂ ਦੇ 150 ਸਾਲ ਪੁਰਾਣੇ ਸਬੰਧਾਂ ਵਿੱਚ ਇੱਕ ਮਹੱਤਵਪੂਰਨ ਕੜੀ ਵਜੋਂ ਦੇਖਿਆ ਜਾ ਸਕਦਾ ਹੈ। ਉਹਨਾਂ ਨੇ ਭਾਰਤੀ ਡਾਇਸਪੋਰਾ ਦੇ ਮੈਂਬਰਾਂ ਨੂੰ ਭਾਰਤ ਨਾਲ ਆਪਣੇ ਸਬੰਧਾਂ ਨੂੰ ਬਣਾਈ ਰੱਖਣ ਸਬੰਧੀ ਯਤਨ ਜਾਰੀ ਰੱਖਣ ਦੀ ਅਪੀਲ ਕੀਤੀ।

ਰਾਸ਼ਟਰਪਤੀ ਨੇ ਕਿਹਾ ਕਿ ਸੂਰੀਨੇਮ ਅਤੇ ਭਾਰਤ ਦੋਵਾਂ ਨੇ ਬਸਤੀਵਾਦੀ ਸ਼ਾਸਨ ਦੇ ਲੰਬੇ ਅਰਸੇ ਤੋਂ ਬਾਅਦ ਆਪਣੀਆਂ ਆਰਥਿਕਤਾਵਾਂ ਅਤੇ ਸਮਾਜਿਕ ਪ੍ਰਣਾਲੀਆਂ ਦੇ ਮੁੜ ਨਿਰਮਾਣ ਸਬੰਧੀ ਯਤਨ ਕੀਤੇ ਹਨ। ਇਸ ਤਜ਼ਰਬੇ ਨੇ ਦੋਹਾਂ ਦੇਸ਼ਾਂ ਦਰਮਿਆਨ ਏਕਤਾ ਦੀ ਭਾਵਨਾ ਪੈਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ-ਸੂਰੀਨੇਮ ਦੁਵੱਲੇ ਸਬੰਧ ਵਿਕਾਸ ਦੀਆਂ ਸਾਂਝੀਆਂ ਇੱਛਾਵਾਂ 'ਤੇ ਆਧਾਰਿਤ ਹਨ।

ਇਸ ਤੋਂ ਪਹਿਲਾਂ, ਰਾਸ਼ਟਰਪਤੀ ਨੇ ਬਾਬਾ ਅਤੇ ਮਾਈ ਸਮਾਰਕ 'ਤੇ ਸ਼ਰਧਾਂਜਲੀ ਭੇਟ ਕੀਤੀ ਸੀ, ਜੋ ਕਿ ਪਹਿਲੇ ਭਾਰਤੀ ਪੁਰਸ਼ ਅਤੇ ਮਹਿਲਾ ਦੇ ਪ੍ਰਤੀਨਿਧਤਵ ਕਰਨ ਵਾਲੇ ਪ੍ਰਤੀਕ ਹਨ, ਜਿਨ੍ਹਾਂ ਨੇ ਪਹਿਲੀ ਵਾਰ ਸੂਰੀਨੇਮ ਵਿੱਚ ਪੈਰ ਰੱਖਿਆ ਸੀ। ਇਸ ਤੋਂ ਬਾਅਦ, ਉਹਨਾਂ ਨੇ ਮਾਮਾ ਸਰਾਨਨ ਸਮਾਰਕ 'ਤੇ ਸ਼ਰਧਾਂਜਲੀ ਭੇਟ ਕੀਤੀ ਜੋ ਮਾਮਾ ਸਰਾਨਨ ਨੂੰ

ਦਰਸਾਉਂਦੀ ਹੈ, ਮਾਂ ਸੂਰੀਨੇਮ ਜਿਸ ਦੇ ਪੰਜ ਬੱਚੇ ਹਨ, ਉਹ ਪੰਜ ਨਸਲਾਂ ਜੋ ਸੂਰੀਨੇਮ ਵਿੱਚ ਜ਼ੁੰਮੇਵਾਰੀ ਅਤੇ ਪਿਆਰ ਨਾਲ ਵਸਦੀਆਂ ਹਨ।

ਰਾਸ਼ਟਰਪਤੀ ਪੈਲੇਸ ਵਿੱਚ ਆਯੋਜਿਤ ਇੱਕ ਸਮਾਰੋਹ ਵਿੱਚ, ਸੂਰੀਨੇਮ ਦੇ ਰਾਸ਼ਟਰਪਤੀ ਨੇ ਸੂਰੀਨੇਮ ਦੇ ਸਰਵਉੱਚ ਨਾਗਰਿਕ ਸਨਮਾਨ 'ਗ੍ਰੈਂਡ ਆਰਡਰ ਆਫ ਦਿ ਚੇਨ ਆਫ ਦ ਯੈਲੋ ਸਟਾਰ' ਨਾਲ ਰਾਸ਼ਟਰਪਤੀ ਮੁਰਮੂ ਨੂੰ ਸਨਮਾਨਿਤ ਕੀਤਾ। ਆਪਣੀ ਸਵੀਕ੍ਰਿਤੀ ਟਿੱਪਣੀ ਵਿੱਚ, ਰਾਸ਼ਟਰਪਤੀ ਨੇ ਇਹ ਸਨਮਾਨ ਭੇਂਟ ਕਰਨ ਲਈ ਰਾਸ਼ਟਰਪਤੀ ਸੰਤੋਖੀ ਅਤੇ ਸੂਰੀਨੇਮ ਸਰਕਾਰ ਦਾ ਧੰਨਵਾਦ ਕੀਤਾ। ਉਹਨਾਂ ਨੇ ਕਿਹਾ ਕਿ ਇਹ ਮਾਨਤਾ ਨਾ ਸਿਰਫ਼ ਉਹਨਾਂ ਲਈ ਸਗੋਂ ਭਾਰਤ ਦੇ 1.4 ਬਿਲੀਅਨ ਤੋਂ ਵੱਧ ਲੋਕਾਂ ਲਈ ਵੀ ਬਹੁਤ ਮਹੱਤਵ ਰੱਖਦੀ ਹੈ। ਉਹਨਾਂ ਨੇ ਇਹ ਸਨਮਾਨ ਭਾਰਤੀ-ਸੂਰੀਨਾਮੀ ਭਾਈਚਾਰੇ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਸਮਰਪਿਤ ਕੀਤਾ, ਜਿਨ੍ਹਾਂ ਨੇ ਦੋਵਾਂ ਦੇਸ਼ਾਂ ਦਰਮਿਆਨ ਭਾਈਚਾਰਕ ਸਾਂਝ ਨੂੰ ਸਮਰਿਧ ਬਣਾਉਣ ਵਿੱਚ ਸ਼ਾਨਦਾਰ ਭੂਮਿਕਾ ਨਿਭਾਈ ਹੈ।

ਰਾਸ਼ਟਰਪਤੀ ਨੇ ਸੂਰੀਨੇਮ ਦੇ ਰਾਸ਼ਟਰਪਤੀ ਦੁਆਰਾ ਉਹਨਾਂ ਦੇ ਸਨਮਾਨ ਵਿੱਚ ਆਯੋਜਿਤ ਦੁਪਹਿਰ ਦੇ ਖਾਣੇ ਵਿੱਚ ਵੀ ਸ਼ਿਰਕਤ ਕੀਤੀ। ਆਪਣੇ ਦਾਅਵਤੀ ਭਾਸ਼ਣ ਵਿੱਚ, ਰਾਸ਼ਟਰਪਤੀ ਮੁਰਮੂ ਨੇ ਇੱਕ ਸਮਾਵੇਸ਼ੀ ਵਿਸ਼ਵ ਵਿਵਸਥਾ ਸਬੰਧੀ ਭਾਰਤ ਦੀ ਪਹੁੰਚ ਨੂੰ ਰੇਖਾਂਕਿਤ ਕੀਤਾ ਜੋ ਹਰ ਦੇਸ਼ ਅਤੇ ਖੇਤਰ ਦੇ ਜਾਇਜ਼ ਹਿੱਤਾਂ ਅਤੇ ਚਿੰਤਾਵਾਂ ਪ੍ਰਤੀ ਸੰਵੇਦਨਸ਼ੀਲ ਹੈ। ਉਹਨਾਂ ਨੇ ਕਿਹਾ ਕਿ ਇਹ ਇੱਕਮੁੱਠਤਾ ਦੀ ਭਾਵਨਾ ਕਰਕੇ ਹੀ ਹੈ ਕਿ ਭਾਰਤ ਨੇ ਕੋਵਿਡ -19 ਮਹਾਂਮਾਰੀ ਦੌਰਾਨ 100 ਤੋਂ ਵੱਧ ਦੇਸ਼ਾਂ ਪ੍ਰਤੀ ਸਹਾਇਤਾ ਦਾ ਹੱਥ ਵਧਾਇਆ ਸੀ।

ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਕੋਲ ਜੀ-20 ਦੀ ਪ੍ਰਧਾਨਗੀ ਹੈ, ਜਿਸ ਰਾਹੀਂ ਉਹ ਵਿਕਾਸਸ਼ੀਲ ਦੇਸ਼ਾਂ ਅਤੇ ਉੱਨਤ ਅਰਥਵਿਵਸਥਾਵਾਂ, ਦੋਵਾਂ ਨਾਲ ਮਜ਼ਬੂਤ ਪੁਲ ਬਣਾ ਰਿਹਾ ਹੈ। ਵਿਕਾਸਸ਼ੀਲ ਦੇਸ਼ਾਂ ਅਤੇ ਗਲੋਬਲ ਸਾਊਥ ਦੇ ਹਿੱਤਾਂ ਦੇ ਮੁੱਦਿਆਂ 'ਤੇ ਵੱਧ ਤੋਂ ਵੱਧ ਆਵਾਜ਼ ਬੁਲੰਦ ਕਰਨ ਲਈ ਭਾਰਤ ਨੇ ਇਸ ਸਾਲ ਜਨਵਰੀ ਵਿੱਚ ਵਾਇਸ ਆਫ ਸਾਊਥ ਸੰਮੇਲਨ ਦਾ ਆਯੋਜਨ ਵੀ ਕੀਤਾ ਸੀ, ਜਿਸ ਵਿੱਚ ਗਲੋਬਲ ਸਾਊਥ ਦੇ 125 ਦੇਸ਼ਾਂ ਨੇ ਸ਼ਮੂਲੀਅਤ ਕੀਤੀ ਸੀ। ਉਹਨਾਂ ਨੇ ਇਸ ਪਹਿਲਕਦਮੀ ਦਾ ਹਿੱਸਾ ਬਣਨ ਲਈ ਸੂਰੀਨੇਮ ਦੀ ਸ਼ਲਾਘਾ ਕੀਤੀ।